International Journal of Applied Research 2017; 3(2): 507-509



International Journal of Applied Research

**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(2): 507-509
www.allresearchjournal.com
Received: 21-12-2016
Accepted: 26-01-2017

**Dr. Iqbal Kaur**
Associate Professor,
Mata Sundri College, New Delhi, Delhi, India

**Correspondence**
**Dr. Iqbal Kaur**
Associate Professor,
Mata Sundri College, New Delhi, Delhi, India

# "ਖੂਨ ਦੇ ਸੋਹਿਲੇ" ਦੀ ਅਜੋਕੀ ਸਾਰਥਕਤਾ

**Dr. Iqbal Kaur**

## ਪਰਿਚਯ

ਅੱਜ ਸਾਡੇ ਵਿਚ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਬਹੁਤ ਘੱਟ ਰਹਿ ਗਈ ਹੈ ਜਿਨ੍ਹਾਂ ਨੇ ਵੰਡ ਨੂੰ ਅੱਖੀ ਵੇਖਿਆ, ਸਮਝਿਆ ਤੇ ਆਪਣੇ ਪਿੰਡੇ ਅਤੇ ਰੂਹ ਤੇ ਹੰਢਾਇਆ। ਅਸੀਂ ਵੀ ਆਪਣੇ ਵੱਡੇਰਿਆਂ ਤੋਂ ਵੰਡ ਦੀਆਂ ਗਲਾਂ ਸੁਣੀਆਂ। ਵੰਡ ਨੂੰ ਅੱਖੀ ਦੇਖਣ ਵਾਲੇ ਕੁਝ ਸਮੇਂ ਬਾਅਦ ਸਾਡੇ ਵਿਚ ਬਿਲਕੁਲ ਖਤਮ ਹੋ ਜਾਣਗੇ।

ਸਮਾਜਕ ਪਧੱਰ ਤੇ ਵਾਪਰਨ ਵਾਲੇ ਅਜਿਹੇ, ਦੁਖਾਂਤ ਇਤਿਹਾਸ ਦੇ ਪੰਨਿਆ ਅਤੇ ਸਾਹਿਤਕ ਰਚਨਾਵਾਂ ਦੀ ਪਧੱਰ ਤੇ ਹਮੇਸ਼ਾ ਲਈ ਸੁਰਖਿਤ ਹੋ ਜਾਂਦੇ ਹਨ। ਸਾਡੇ ਆਲੇ ਦੁਆਲੇ ਜੋ ਕੁਝ ਵਾਪਰਦਾ ਹੈ, ਉਸ ਤੋਂ ਹਰ ਵਿਅਕਤੀ ਪ੍ਰਭਾਵਿਤ ਹੁੰਦਾ ਹੈ ਪਰ ਸਾਹਿਤਕਾਰ ਆਮ ਵਿਅਕਤੀਆਂ ਤੋਂ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ। ਇਸੇ ਲਈ ਉਹ ਆਪਣੇ ਅਨੁਭਵ ਨੂੰ ਦੂਜਿਆਂ ਤੋਂ ਵੱਧ ਚੰਗੇ ਤਰੀਕੇ ਨਾਲ ਪੇਸ਼ ਕਰਨ ਦੀ ਸਮਰਥਾ ਰੱਖਦਾ ਹੈ। ਕਿਉਂਕਿ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ ਇਸ ਲਈ ਸਾਹਿਤ ਵਿਚੋਂ ਸਮਕਾਲੀ ਸਮਾਜ ਦੀ ਤਸਵੀਰ ਦੇਖੀ ਜਾ ਸਕਦੀ ਹੈ।

ਸਾਹਿਤਕਾਰਾਂ ਦੀ ਅਜਿਹੀ ਸੰਵੇਦਨਸ਼ੀਲਤਾ ਅਤੇ ਸਮਰਥਾ ਦੀਆਂ ਸਾਡੇ ਕੋਲ ਅਨੇਕ ਮਿਸਾਲਾਂ ਹਨ। ਹਰ ਪੰਜਾਬੀ ਸਾਹਿਤ ਰੂਪ ਵਿਚ ਸਾਡੇ ਕੋਲ ਵੰਡ ਨਾਲ ਜੁੜੀਆਂ ਰਚਨਾਵਾਂ ਮਿਲਦੀਆਂ ਹਨ। ਧਿਆਨ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਵੰਡ ਦੀ ਸੰਵੇਦਨਾ ਨੂੰ ਅੱਜ ਵੀ ਪ੍ਰਗਟਾਇਆ ਜਾ ਰਿਹਾ ਹੈ। ਹੱਥਲੇ ਪਰਚੇ ਵਿਚ ਨਾਨਕ ਸਿੰਘ ਦੇ ਲਿਖੇ ਨਾਵਲ ਖੂਨ ਦੇ ਸੋਹਿਲੇ ਨੂੰ ਆਧਾਰ ਬਣਾ ਕੇ ਇਸੇ ਪ੍ਰਸੰਗ ਵਿਚ ਵਿਚਾਰ ਕੀਤੀ ਹੈ। ਇਹ ਨਾਵਲ ਫਰਵਰੀ 1948 ਵਿਚ ਲਿਖਿਆ ਗਿਆ। ਨਾਵਲ ਦੀ ਭੂਮਿਕਾਂ ਬਹੁਤ ਮਹੱਤਵਪੂਰਣ ਨੁਕਤਿਆ ਨੂੰ ਉਭਾਰਦੀ ਹੈ। ਨਾਵਲਕਾਰ ਦੇ ਆਪਣੇ ਸ਼ਬਦਾਂ ਵਿਚ,

'ਮੈਂ ਬੇਨਤੀ ਕਰਦਾ ਹਾਂ ਕਿ ਇਸ ਕਿਤਾਬ ਨੂੰ ਨਾ ਤਾਂ ਨਿਰਾ ਕਲਪਿਤ ਤੇ ਨਾ ਹੀ ਨਿਰਾ ਇਤਿਹਾਸਕ ਲਿਖਤ ਸਮਝ ਕਿ ਪੜ੍ਹਿਆ ਜਾਵੇ, ਸਗੋਂ ਇਤਿਹਾਸ ਦੇ ਆਧਾਰ ਲਿਖਿਆ ਹੋਇਆ ਇਕ ਨਾਵਲ ਸਮਝ ਕੇ, ਜਿਹੜਾ ਕਲਪਨਾ ਤੇ ਅਸਲੀਅਤ ਦੇ ਦੁਹਾਂ ਕੰਢਿਆ ਵਿਚਾਲੇ ਆਪਣੇ ਸੁਭਾਵਿਕ ਦੁਹਰਾਉ ਵਿਚ ਵਹਿੰਦਾ ਚਲਾ ਗਿਆ ਹੋਵੇਂ।" [1]

ਵੰਡ ਦੀ ਹੱਡ ਬੀਤੀ ਦਸੱਣ ਵਾਲਿਆ ਦੀ ਗਿਣਤੀ ਬਹੁਤ ਘੱਟ ਹੋ ਗਈ ਹੈ, ਐਸੇ ਸਮੇਂ ਇਹ ਨਾਵਲ ਹੋਰ ਵੀ ਧਿਆਨ ਨਾਲ ਅਧਿਐਨ ਕਰਨ ਦਾ ਵਿਸ਼ਾ ਬਣ ਜਾਂਦਾ ਹੈ। ਇਹ ਨਾਵਲ ਕਿਸੀ ਕਾਲਪਨਿਕ ਕਹਾਣੀ ਤੇ ਅਧਾਰਿਤ ਨਹੀਂ ਸਗੋਂ ਲੇਖਕ ਦੇ ਵਿਚਾਰ ਅਨੁਸਾਰ,

"80% ਇਹ ਅਸਲੀਅਤ ਹੈ ਨਾ ਕੇਵਲ ਸੁਣੀ ਸੁਣਾਈ ਸਗੋਂ ਮੇਰੀ ਤੇ ਮੇਰੇ ਕਈ ਮਿੱਤਰਾਂ ਦੀ ਹੱਡ ਬੀਤੀ।" [2]

ਨਾਨਕ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ, ਇਸ ਨਾਵਲ ਰਾਹੀਂ, ਸਾਂਝੇ ਪੰਜਾਬ ਦੇ ਉਸ ਸਾਂਝੇ ਸਭਿਆਚਾਰ ਦੇ ਟੁਟੱਣ ਦਾ ਦਰਦ ਪੇਸ਼ ਕਰਦਾ ਕੀਤਾ ਹੈ, ਜਿਸ ਵਿਚ ਹਿੰਦੂ, ਮੁਸਲਮਾਨ, ਸਿੱਖ ਇੱਕਠੇ ਰਹਿੰਦੇ ਸੀ।

ਨਾਨਕ ਸਿੰਘ ਦੇ ਮੁਤਾਬਿਕ ਅੰਗ੍ਰੇਜ਼ ਜਾਦੂਗਰਾਂ ਨੇ ਇਸ ਸਾਂਝ ਨੂੰ ਤੋੜਿਆ ਤੇ ਪੰਜਾਬ ਦੀ ਧਰਤੀ ਨੂੰ ਆਪਣਿਆਂ ਦੇ ਖੂਨ ਨਾਲ ਲਾਲ ਕਰ ਦਿੱਤਾ। ਨਾਵਲ ਦੇ ਮੁੱਖ ਬੰਦ ਵਿਚ ਲੇਖਕ ਨੇ ਵੰਡ ਦੇ ਕਾਰਣਾਂ ਅਤੇ ਵੰਡ ਦੇ ਪ੍ਰਭਾਵ ਨੂੰ ਬਹੁਤ ਹੀ ਭਾਵੁਕ ਢੰਗ ਨਾਲ ਪੇਸ਼ ਕੀਤਾ ਹੈ।

ਸਾਂਝੇ ਪੰਜਾਬੀ ਸਭਿਆਚਾਰ ਨੂੰ ਨਾਵਲ 'ਖੂਨ ਦੇ ਸੋਹਿਲੇ" ਵਿਚ, 'ਚੱਕਰੀ' ਪਿੰਡ ਦੇ ਹਵਾਲੇ ਨਾਲ ਪੇਸ਼ ਕੀਤਾ ਗਿਆ ਹੈ। ਪਰ ਇਹ ਕਹਾਣੀ ਕੇਵਲ ਇਕ ਚੱਕਰੀ ਪਿੰਡ ਦੀ ਨਹੀਂ ਸਗੋਂ ਪੂਰੇ ਪੰਜਾਬ ਦੇ ਹਾਲਾਤਾਂ ਦੀ ਪ੍ਰਤੀਨਿਧੱਤਾ ਕਰਦੀ ਹੈ। ਚੱਕਰੀ ਪਿੰਡ ਪ੍ਰਕਿਰਤੀ ਦੀ ਗੋਦ ਵਿਚ ਵਸਦਾ, ਹੱਸਦਾ ਖੇਡਦਾ ਪ੍ਰਫੁਲਿਤ ਪਿੰਡ ਹੈ। ਜਿਸ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸਭ ਪਿਆਰ ਨਾਲ ਇੱਕਠੇ ਰਹਿੰਦੇ ਹਨ।

'ਚੱਕਰੀ' ਪਿੰਡ ਦਾ ਬਜ਼ੁਰਗ ਬਾਬਾ ਭਾਨੇਸ਼ਾਹ ਸਾਰੇ ਪਿੰਡ ਦਾ ਬਜ਼ੁਰਗ ਹੈ। ਕੀ ਹਿੰਦੂ, ਕੀ ਮੁਸਲਮਾਨ, ਕੀ ਸਿੱਖ, ਸੱਭ ਦੇ ਦੁੱਖ ਸੁੱਖ ਦਾ ਭਾਈਵਾਲ ਹੈ। ਖੂਬਸੂਰਤ ਪ੍ਰਕਿਰਤੀ ਨਜ਼ਾਰਿਆਂ ਨਾਲ ਘਿਰਿਆ ਚੱਕਰੀ ਪਿੰਡ ਬਾਬੇ ਦੀ ਛਤ੍ਰ ਛਾਇਆ ਵਿਚ ਸ਼ਾਂਤੀ ਨਾਲ ਵੱਸ ਰਿਹਾ ਸੀ। ਜਿਥੇ ਪਿੰਡ ਦੀ ਧੀ ਸਾਂਝੀ ਸਮਝੀ ਜਾਂਦੀ ਸੀ। ਕਿਸੇ ਦੇ ਧੀ ਪੁੱਤਰ ਦਾ ਵਿਆਹ ਹੋਵੇ, ਘਰ ਨਵਾਂ ਬੱਚਾ ਜੰਮੇ, ਹਰ ਮੌਕੇ ਤੇ ਬਾਬੇ ਦਾ ਆਸ਼ੀਰਵਾਦ ਸਭ ਦੇ ਨਾਲ ਹੁੰਦਾ। ਬਾਬਾ ਭਾਨੇਸ਼ਾਹ ਦੇ ਪਰਿਵਾਰ ਵਿਚ ਉਸ ਦਾ ਪੁੱਤਰ ਬੂਟੇਸ਼ਾਹ ਤੇ ਨੂੰਹ ਰੁਕਮਨ ਸਨ। ਇਕ ਧੀ ਦੀ ਮੌਤ ਹੋ ਚੁਕੀ ਸੀ, ਜਿਸ ਦੀ ਕੰਮੀ ਨਸੀਮ ਪੂਰੀ ਕਰ ਰਹੀ ਸੀ।

ਨਸੀਮ, ਬਾਬਾ ਭਾਨੇਸ਼ਾਹ ਦੇ ਮਿਤੱਰ ਰਹੀਮ ਬਖਸ਼ ਦੀ ਧੀ ਹੈ। ਇਸ ਦੇ ਭਰਾ ਦਾ ਨਾਮ ਅਜ਼ੀਜ਼ ਅਤੇ ਮਾਂ ਦਾ ਨਾਮ ਸੁਗਰਾ ਹੈ। ਰਹੀਮ ਬਖਸ਼ ਖਾਂਦਾ ਪੀਂਦਾ ਜਿਮੀਂਦਾਰ ਸੀ। ਪਰ ਕੰਮ ਵਿਚ ਵੱਧ ਮੁਨਾਫਾ ਖਟੱਣ ਪਿਛੇ ਉਹ ਤਗੜਾ ਘਾਟਾ ਖਾਂਦਾ ਹੈ। ਗਮ ਵਿਚ ਮੰਜੇ ਲੱਗ ਜਾਂਦਾ ਹੈ ਤੇ ਥੋੜੇ ਸਮੇਂ ਵਿਚ ਹੀ ਆਪਣੇ ਪਰਿਵਾਰ ਨੂੰ ਬੇਸਹਾਰਾ ਛੱਡ ਕੇ ਚਲਾ ਜਾਂਦਾ ਹੈ। ਅਜਿਹੇ ਮੁਸ਼ਕਲ ਸਮੇਂ ਬਾਬਾ ਪੂਰੇ ਪਰਿਵਾਰ ਦੀ ਜ਼ਿਮੇਵਾਰੀ ਚੁੱਕ ਲੈਂਦਾ ਹੈ। ਇਥੋਂ ਤਕ ਕੀ ਉਨ੍ਹਾਂ ਦੇ ਨਾਮ ਕੁਝ ਜ਼ਮੀਨ ਕਰ ਦੇਂਦਾ ਹੈ। ਨਸੀਮ ਬਾਲ ਸਖਾ ਯੂਸਫ ਨੂੰ ਪਿਆਰ ਕਰਦਾ ਹੈ ਪਰ ਯੂਸਫ ਕਾਫੀ ਹੱਦ ਤੱਕ ਵਿਗੜਿਆ ਹੋਇਆ ਹੈ। ਬੂਟੇਸ਼ਾਹ ਤੇ ਯੂਸਫ ਪੱਗ ਵੱਟ ਭਰਾ ਹਨ। ਨਸੀਮ ਅਤੇ ਯੂਸਫ ਵਿਚ ਕਈ ਵਾਰ ਤਕਰਾਰ ਹੋ ਜਾਂਦੀ ਹੈ। ਇਨ੍ਹਾਂ ਦੋਹਾਂ ਨੂੰ ਮਿਲਾਣ ਲਈ ਵਿਚਾਰਾ ਬੂਟੇਸ਼ਾਹ, ਬਾਬੇ ਭਾਨੇਸ਼ਾਹ ਦੇ ਗੁੱਸੇ ਦਾ ਸ਼ਿਕਾਰ ਵੀ ਹੁੰਦਾ ਹੈ। ਸਮਾਂ ਆਪਣੀ ਚਾਲ ਚਲੀ ਜਾਂਦਾ ਹੈ।

'ਸਾਂਝੇ ਸਭਿਆਚਾਰ ਦੀ ਇਕ ਖਾਸੀਅਤ ਇਹ ਵੀ ਸੀ ਕਿ ਇਥੇ ਦਿਨ ਤਿਉਹਾਰ ਚਾਹੇ ਹਿੰਦੂਆਂ ਦੇ ਹੋਣ ਜਾਂ ਮੁਸਲਮਾਨਾਂ ਦੇ ਸਾਂਝੇ ਤੌਰ ਤੇ ਮਨਾਏ ਜਾਂਦੇ ਸੀ।"[3]

ਲੋਹੜੀ ਦਾ ਤਿਉਹਾਰ ਸਾਰੇ ਰਲ ਮਿਲ ਕੇ ਮੰਨਾਉਦੇ ਸਨ। ਮੁੰਡੇ ਕੁੜੀਆਂ ਨੇ ਪੂਰੇ ਪਿੰਡ ਵਿਚੋਂ ਲੋਹੜੀ ਮੰਗਣੀ। ਬਾਲਣ ਦੀ ਉਗਰਾਹੀ ਕਰਦੇ ਤਾਂ ਜੋ ਲੋਹੜੀ ਛੋਟੀ ਨਾ ਰਹਿ ਜਾਵੇ।

'ਲੋਹੜੀ ਦੀ ਰਾਂਤੀ ਕਿਹੜਾਂ ਮੁਸਲੱਕਾ ਘਰ ਹੋਵੇਗਾਂ ਜਿਸ ਪਾਸ ਉਹਨਾਂ ਵਲੋਂ ਮਿੱਠੇ ਮਰੂੰਡੇ, ਤਿਲ, ਬੁੱਗਾ ਤੇ ਸੇਵੀਆਂ ਦੇ ਕਟੋਰੇ ਨਾਂ ਪਹੁੰਚ ਜਾਂਦੇ ਹੋਣ। ਇਸੇ ਤਰ੍ਹਾਂ ਈਦ ਬਕਰੀਦ ਉਤੇ ਖੱਤਰੀਆਂ ਦੇ ਘੱਰੀ ਇਤਨੀ ਮਠਿਆਈ, ਗੁੜ ਸ਼ਕਰ ਤੇ ਗੰਨੇ ਆਦਿ ਇੰਨੀਆਂ ਚੀਜਾਂ ਇਕੱਠੀਆਂ ਹੋ ਜਾਂਦੀਆਂ ਕਿ ਉਨ੍ਹਾਂ ਲਈ ਸੰਭਾਲਣੀਆਂ ਮੁਸ਼ਕਲ ਹੋ ਜਾਂਦੀਆਂ।"[4]

ਅਣਦਾਂ ਦੀ ਹਵੇਲੀ ਵਿਚ ਲੋਹੜੀ ਬਾਲਣ ਲਈ ਸਭ ਇਕੱਠੇ ਬੈਠੇ, ਬਾਬਾ ਭਾਨੇਸ਼ਾਹ ਦੀ ਉਡੀਕ ਕਰ ਰਹੇ ਹਨ। ਬੂਟੇਸ਼ਾਹ ਦਸਦਾ ਹੈ ਕਿ ਅੱਖਾਂ ਦੀ ਕਮਜੋਰ ਨਜ਼ਰ ਕਰਕੇ ਉਹ ਨਹੀਂ ਆਉਣਗੇ। ਚੌਧਰੀ ਫਜ਼ਲਦੀਨ ਮੁੰਡਿਆਂ ਨੂੰ ਕਹਿੰਦਾ ਹੈ ਉਹ ਬਾਬੇ ਨੂੰ ਚੁਕ ਕੇ ਲੈ ਆਉਣ। ਫਜ਼ਲਦੀਨ ਦਾ ਪੁਤੱਰ ਫੱਤਾ ਆਪਣੇ ਮਿੱਤਰਾਂ ਨਾਲ ਜਾ ਕੇ ਬਾਬੇ ਨੂੰ ਕੰਧਾੜੇ ਚੁੱਕ ਲੈ ਆਉਂਦਾ। ਲੋਹੜੀ ਦੀ ਅੱਗ ਦੁਆਲੇ ਬੈਠੇ ਸਭ ਲੰਮੀਆਂ ਗੱਪਾਂ ਮਾਰਦੇ ਹਨ। ਬੀਤੇ ਕਿੱਸੇ ਕਹਾਣੀਆਂ ਸੁਣਾਂਦੇ ਹਨ। ਮੁੰਡੇ ਕੁੜੀਆਂ ਵੱਖਰੀ ਰੌਣਕ ਲਾਈ ਬੈਠੇ ਹਨ। ਗਲਾਂ ਕਰਦੇ ਕਰਦੇ ਵਿਚ ਹੀ ਦੇਸ਼ ਵਿਚ ਹੋ ਰਹੇ ਦੰਗੇ ਫਸਾਦਾਂ ਬਾਰੇ ਚਰਚਾ ਛਿੜ ਜਾਂਦੀ ਹੈ।

'ਮੁਸਲਮਾਨ ਲੀਡਰਾਂ ਉਤੇ ਇਲਜ਼ਾਮ ਲਾਉਣ ਦਾ ਤੁਹਾਨੂੰ ਕੋਈ ਹੱਕ ਨਹੀ।[5]

ਮੁਨਸ਼ੀ ਅਬਦੁਲ ਰਹਿਮਾਨ ਦੀ ਤੇਜ ਭੜਕੀਲੀ ਅਵਾਜ਼ ਸਾਰਿਆਂ ਦਾ ਧਿਆਨ ਖਿੱਚ ਲੈਂਦੀ ਹੈ। ਜਿਨਾਹ ਅਤੇ ਪਾਕਿਸਤਾਨ ਦੇ ਹਿਮਾਇਤੀ ਮੁਨਸ਼ੀ ਦੀਆਂ ਗਲਾਂ ਨੇ ਲੋਹੜੀ ਦਾ ਸੁਆਦ ਕਿਰਕਿਰਾ ਕਰ ਦਿਤਾ। ਮੁਨਸ਼ੀ ਤਾਂ ਹਿੰਦੂ ਸਿੱਖਾ ਨੂੰ ਦੁਬਾਰਾ ਔਰੰਗਜ਼ੇਬ ਦਾ ਜ਼ਮਾਨਾ ਯਾਦ ਕਰਾਉਣ ਦੀਆਂ ਸਕੀਮਾਂ ਘੜ ਰਿਹਾ ਹੈ। ਹਿੰਦੂ ਮੁਸਲਮਾਨ ਕੁਦਰਤੀ ਤੌਰ ਤੇ ਦੋ ਵੱਖਰੀਆਂ ਕੌਮਾਂ ਹਨ ਅਤੇ ਇਨ੍ਹਾਂ ਨੂੰ ਅਲਗ ਅਲਗ ਹੀ ਰਹਿਣਾ ਚਾਹੀਦਾ ਹੈ।

'ਇਕ ਵਾਰੀ ਸਾਡੀ ਕੌਮ ਪਾਕਿਸਤਾਨ ਦੇ ਝੰਡੇ ਥੱਲੇ ਕੱਠੀ ਹੋ ਲਵੇ, ਫਿਰ ਵੇਖਣਾ ਤੁਹਾਡੇ ਤੀਹ ਕਰੋੜ ਕਿਥੇ ਕਿੱਥੇ ਜਾਂਦੇ ਨੇ, ਜੇ ਇਨ੍ਹਾਂ ਸਾਰਿਆਂ ਨੂੰ ਔਰੰਗਜ਼ੇਬ ਦਾ ਜ਼ਮਾਨਾ ਨਾ ਚੇਤੇ ਕਰਵਾ ਦਿਤਾ ਤਾਂ ਕਹਿਣਾ।" [6]

ਫਸਾਦਾਂ ਦੀ ਅੱਗ ਹੋਲੀ-ਹੋਲੀ ਚੱਕਰੀ ਪਿੰਡ ਤੱਕ ਪਹੁੰਚ ਗਈ ਹੈ। ਪਿੰਡ ਦੇ ਹਿੰਦੂ ਸਿੱਖ ਸਭ ਬਾਬੇ ਨਾਲ ਸਲਾਹ ਕਰਦੇ ਕਿ ਇਥੋਂ ਚਲੇ ਜਾਣਾ ਚਾਹੀਦਾ ਹੈ। ਪਰ ਬਾਬੇ ਨੂੰ ਆਪਣੇ ਹਮਸਾਏ ਮੁਸਲਮਾਨਾਂ ਤੇ ਪੂਰਾ ਭੌਰਸਾ ਸੀ ਕਿ ਇਥੇ ਕੋਈ ਮਾੜੀ ਗਲ ਨਹੀਂ ਹੋਣੀ। ਪਰ ਅਖੀਰ ਫਸਾਦਾਂ ਦਾ ਸੇਕ ਚਕਰੀ ਪਿੰਡ ਤੱਕ ਪਹੁੰਚ ਹੀ ਗਿਆ। ਮਿਲਟਰੀ ਦੀ ਮਦਦ ਨਾਲ ਕੁਝ ਲੋਕਾਂ ਨੂੰ ਕੱਢ ਦਿਤਾ ਗਿਆ। ਬਾਬਾ, ਨਸੀਮ, ਬੂਟੇਸ਼ਾਹ, ਅਜ਼ੀਜ਼, ਰੁਕਮਨ ਨੂੰ ਚੌਧਰੀ ਫਜ਼ਲਦੀਨ ਦੇ ਪੁਤੱਰ ਫੱਤੇ ਦੀ ਨਿਗਰਾਨੀ ਵਿਚ ਇਕ ਰਾਤ ਪਿੰਡ ਛੱਡਨਾ ਪੈ ਗਿਆ। ਬਾਬਾ ਭਾਨੇਸ਼ਾਹ ਜੋ ਕਦੀ ਮੁੰਡਿਆ ਦੇ ਕੰਧਾੜਿਆ ਤੇ ਟੁਰਦਾ ਸੀ ਅੱਜ ਹਨੇਰੀ ਰਾਤ ਵਿਚ ਠੇਡੇ ਖਾ ਰਿਹਾ ਸੀ। ਪਰ ਉਹ ਫਸਾਦੀਆਂ ਹਥੋਂ ਬੱਚ ਨਹੀਂ ਸਕਦੇ। ਫੱਤਾ ਮਾਰਿਆ ਜਾਂਦਾ ਹੈ। ਚੌਧਰੀ ਫਜ਼ਲਦੀਨ ਦਾ ਘਰ ਇਸਲਈ ਸਾੜ ਦਿਤਾ ਸੀ ਕਿ ਉਸ ਨੇ ਹਿੰਦੂਆਂ ਨੂੰ ਪਨਾਹ ਦਿਤੀ ਸੀ।

ਇੰਝ ਅਸੀਂ ਦੇਖ ਸਕਦੇ ਹਾਂ ਸ਼ਾਂਤੀ ਨਾਲ ਵਸਦੇ ਇਸ ਪਿੰਡ ਵਿਚ ਮੁੰਨਸ਼ੀ ਅਬਦੁਲ ਰਹਿਮਾਨ ਵਰਗੇ ਇਕ ਚਿੰਗਾਰੀ ਸੁਟਦੇ ਹਨ ਤੇ ਸਦੀਆਂ ਪੁਰਾਣੀ ਸਾਂਝ ਟੁੱਟ ਜਾਂਦੀ ਹੈ। ਦੂਜੇ ਪਾਸੇ ਚੌਧਰੀ ਫਜ਼ਲਦੀਨ ਤੇ ਉਸ ਦਾ ਪੁਤੱਰ ਫੱਤਾ ਬਾਬਾ ਭਾਨੇਸ਼ਾਹ ਦੇ ਟਬੱਰ ਨੂੰ ਬਚਾਉਣ ਲਈ ਆਪਣੀ ਜਾਨ ਵਾਰ ਦਿੰਦੇ ਹਨ। ਅਖੀਰ

ਬਾਬਾ ਤੇ ਨਸੀਮ ਕਤਲ ਹੋ ਚੁਕੇ ਕਾਫਿਲੇ ਨੂੰ ਪਤਿਆਂ ਨਾਲ ਢੱਕਦੇ ਹਨ ਤੇ ਅਨਜਾਣ ਰਾਹਾਂ ਤੇ ਟੁਰੀ ਜਾਂਦੇ ਹਨ। ਇਹ ਸਾਰੀਆਂ ਘਟਨਾਵਾਂ, ਸਥਿਤੀਆਂ ਤੇ ਪਾਤਰ ਇਸੇ ਧਰਤੀ ਦੇ ਹੀ ਹਨ। ਇਸ ਨਾਵਲ ਦੀ ਕਹਾਣੀ ਸਾਨੂੰ ਉਸ ਇਤਿਹਾਸਕ ਦੌਰ ਨਾਲ ਜੋੜਦੀ ਹੈ ਜਿਸ ਦੀਆਂ ਗਲਾਂ ਅੱਜ ਤੱਕ ਹੁੰਦੀਆਂ ਹਨ। ਉਸ ਵਕਤ ਦਾ ਸੱਚ ਅੱਜ ਕਹਾਣੀਆਂ ਬਣ ਕੇ ਰਹਿ ਗਿਆ ਹੈ। ਇਸ ਦਰਦ ਨੂੰ ਬਿਆਨ ਕਰਦਾ ਨਾਵਲਕਾਰ ਕਹਿੰਦਾ ਹੈ,

"ਮੈਂ ਨਿਰਪੱਖ ਰਹਿਣ ਦੀ ਕੋਸ਼ਿਸ਼ ਕੀਤੀ ਹੈ ਜਿਸ ਫਿਰਕੇ ਦੀ ਵੀ ਗਲਤੀ ਮੈਨੂੰ ਨਜ਼ਰ ਆਈ ਮੈਂ ਉਸ ਦੇ ਬਿਆਨ ਵਿਚ ਦਰੇਗ ਨਹੀਂ ਕੀਤਾ"।[7]

ਨਾਵਲ ਦੀ ਕਹਾਣੀ ਤਾਂ ਕੇਵਲ ਐਨੀ ਹੀ ਹੈ। ਪਰ ਸਾਧਾਰਨ ਨਜ਼ਰ ਆਉਣ ਵਾਲੀ ਇਹ ਕਹਾਣੀ ਸਾਨੂੰ ਉਸ ਇਤਿਹਾਸਕ ਦੌਰ ਵਿਚ ਲੈ ਜਾਂਦੀ ਹੈ, ਉਨ੍ਹਾਂ ਕਦਰਾਂ ਕੀਮਤਾਂ, ਆਪਸੀ ਸਾਂਝ ਤੇ ਪਿਆਰ ਦੀ ਤਸਵੀਰ ਪੇਸ਼ ਕਰਦੀ ਹੈ ਜਿਸ ਨੂੰ ਅੱਜ ਅਸੀਂ ਲਭ ਰਹੇ ਹਾਂ, ਇਸ ਦੀ ਫਿਰ ਤੋਂ ਲੋੜ ਹੈ। ਜੋ ਸਾਡੇ ਲਈ ਸੁਪਨੇ ਮਾਤਰ ਜਾਂ ਕਿਸੇ ਹੋਰ ਹੀ ਦੁਨੀਆਂ ਦੀ ਚੀਜ਼ ਨਜ਼ਰ ਆਉਂਦੀ ਹੈ। ਨਾਵਲ ਦੀ ਕਹਾਣੀ ਦੇ ਦੋ ਭਾਗ ਹਨ ਪਹਿਲਾ ਭਾਗ ਜਿਸ ਵਿਚ ਸਾਂਝੇ ਸਭਿਆਚਾਰ ਦੀ ਬਹੁਤ ਹੀ ਪਿਆਰੀ ਤਸਵੀਰ ਹੈ। ਦੂਜਾ ਭਾਗ ਅਬਦੁਲ ਰਹਿਮਾਨ ਦੇ ਪ੍ਰਵੇਸ਼ ਨਾਲ ਸ਼ੁਰੂ ਹੁੰਦਾ ਹੈ ਚਾਰੋਂ ਪਾਸੇ ਹੋ ਰਹੇ ਕਤਲੇਆਮ ਦੀ ਗਲ ਕਰਦਾ ਦੂਜਾ ਭਾਗ ਖਤਮ ਹੋ ਜਾਂਦਾ ਹੈ।

ਅੱਜ ਨਾਵਲ ਪੜ੍ਹਦੇ ਹੋਏ ਇੰਝ ਲਗਦਾ ਹੈ ਕਿ ਬਾਬਾ ਭਾਨੇਸ਼ਾਹ, ਬੂਟੇਸ਼ਾਹ, ਰੁਕਮਨ, ਨਸੀਮ, ਅਜ਼ੀਜ਼, ਸੁਗਰਾ, ਚੌਧਰੀ ਫਜ਼ਲਦੀਨ, ਫੱਤਾ ਆਦਿ ਸਾਰੇ ਪਾਤਰ ਕਿਸੇ ਹੋਰ ਦੁਨੀਆ ਦੇ ਹੋਣ। ਬਾਬਾ, ਨਸੀਮ ਦੇ ਪਰਿਵਾਰ ਦਾ ਸਹਾਰਾ ਬਣ ਕੇ ਰਹਿੰਦਾ ਹੈ ਤੇ ਉਸ ਦੇ ਪਿਉ ਨੂੰ ਦਿਤਾ ਵਾਇਦਾ ਪੂਰਾ ਕਰਾ ਹੈ ਤਾਂ ਨਸੀਮ ਵੀ ਘੱਟ ਨਹੀਂ, ਉਹ ਆਪਣੀ ਬੀਮਾਰ ਮਰਦੀ ਮਾਂ ਨੂੰ ਛੱਡ ਦੇਂਦੀ ਹੈ ਪਰ ਬਾਬੇ ਦੀ ਡੰਗੋਰੀ ਬਣ ਕੇ ਅਖੀਰ ਤੱਕ ਨਾਲ ਚਲਦੀ ਹੈ।

ਇਸ ਸਾਰੀ ਤਬਾਹੀ ਦੇ ਕਾਰਣਾਂ ਦੀ ਗਲ ਕਰਦੇ ਹੋਏ, ਲੇਖਕ ਇਕ ਹੋਰ ਗਲ ਵਿਸ਼ੇਸ਼ ਤੌਰ ਤੇ ਕਰਦਾ ਹੈ ਕਿ ਅੰਗ੍ਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀਂ ਹੈ,

"ਅੰਗ੍ਰੇਜ਼ ਨੇ ਉਹੀ ਕੁਝ ਕੀਤਾ ਹੋ ਕੀ ਪਰਾਏ ਹਾਕਮਾ ਤੋਂ ਆਸ ਰੱਖੀ ਜਾ ਸਕਦੀ ਸੀ ਜਿਸ ਕਰਕੇ ਉਸ ਦੋਸ਼ੀ ਠਹਿਰਾਉਣਾ ਸਾਡੀ ਮੂਰਖਤਾ ਹੈ। ਕਸੂਰ ਜੇ ਸੀ ਤਾਂ ਸਾਡੀ ਉਸ ਜ਼ਹਿਨੀਅਤ ਦਾ ਜਿਹੜੀ ਏਨੇ ਲੰਮੇ ਤਜ਼ਰਬਿਆਂ ਤੋਂ ਬਾਅਦ ਵੀ ਸਾਨੂੰ ਅੰਗ੍ਰੇਜ਼ ਦੀ ਲਾਈ ਹੋਈ ਕੁੜਿੱਕੀ ਤੋਂ ਬਚਾ ਨਾ ਸਕੀ। "[8]

ਲੇਖਕ ਨੇ ਨਾਵਲ ਦੇ ਮੁੱਖ ਬੰਦ ਵਿਚ ਬਿਨਾਂ ਕਿਸੇ ਭੇਦ ਭਾਵ ਉਨ੍ਹਾਂ ਰਾਜਨੀਤਕ ਕਾਰਣਾਂ ਉਪਰ ਚਰਚਾ ਕੀਤੀ ਜੋ ਭਾਰਤ ਦੀ ਵੰਡ ਦਾ ਕਾਰਣ ਬਣੇ। ਸਾਰਾ ਦੇਸ਼ ਫਸਾਦਾਂ ਦੀ ਅੱਗ ਵਿਚ ਝੁਲਸ ਰਿਹਾ ਸੀ ਪਰ ਅੰਗ੍ਰੇਜ਼ ਸਰਕਾਰ ਵਲੋਂ ਇਨ੍ਹਾਂ ਫਸਾਦਾਂ ਨੂੰ ਰੋਕਣ ਲਈ ਕੋਈ ਯਤਨ ਨਹੀਂ ਕੀਤੇ ਗਏ। ਅਜਿਹੀਆਂ ਰਚਨਾਵਾਂ ਮੁੜ ਪੜ੍ਹੀਆਂ ਜਾਣ ਤਾਂ ਜੋ ਅਜਿਹੇ ਦੁਖਾਂਤ ਦੁਬਾਰਾ ਨ ਹੋਣ। ਵੰਡ ਦੇ ਦੁਖਾਂਤ ਤੋਂ ਪ੍ਰਭਾਵਿਤ "ਖੂਨ ਦੇ ਸੋਹਿਲੇ" ਨਾਨਕ ਸਿੰਘ ਦਾ ਪਹਿਲਾ ਨਾਵਲ ਹੈ। ਇਸ ਤੋਂ ਬਾਅਦ ਲੇਖਕ ਵਲੋਂ ਲਗਾਤਾਰ ਤਿੰਨ ਹੋਰ ਨਾਵਲ ਆਏ, ਅੱਗ ਦੀ ਖੇਡ, ਮੰਝਦਾਰ ਅਤੇ ਚਿੱਤਰਕਾਰ। ਇਨ੍ਹਾਂ ਨਾਵਲਾਂ ਵਿਚ ਉਜਾੜੇ ਦੇ ਵੱਖ-ਵੱਖ ਪੱਖਾਂ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ। ਅੱਗ ਦੀ ਖੇਡ ਵਿਚ ਉਹ ਸਵੀਕਾਰ ਕਰਦਾ ਹੈ,

"ਇਨ੍ਹਾਂ ਦੋਹਾਂ ਕਿਤਾਬਾਂ ਰਾਹੀ ਮੈਂ ਨਿਰਾ ਨਾਵਲਕਾਰ ਦੇ ਰੂਪ ਵਿਚ ਨਹੀਂ ਸਗੋਂ ਕਿਸੇ ਹੱਦ ਤੱਕ ਇਤਿਹਾਸਕਾਰ ਦੇ ਰੂਪ ਵਿਚ ਪਾਠਕਾਂ ਦੇ ਸਾਹਮਣੇ ਆ ਰਿਹਾ ਹਾਂ।"[9]

ਸੋ ਅਸੀਂ ਕਹਿ ਸਕਦੇ ਹਾਂ ਕਿ ਨਾਨਕ ਸਿੰਘ ਦਾ ਲਿਖਿਆ ਨਾਵਲ ਖੂਨ ਦੇ ਸੋਹਿਲੇ ਤੇ ਵੰਡ ਨਾਲ ਜੁੜੀਆਂ ਬਾਕੀ ਰਚਨਾਵਾਂ ਉਸ ਦੌਰ ਨੂੰ ਸਮਝਣ ਵਿਚ ਸਹਾਇਕ ਸਿੱਧ ਹੋਣਗਿਆਂ।

## ਟਿਪਣੀਆਂ


1. ਨਾਨਕ ਸਿੰਘ, ਖੂਨ ਦੇ ਸੋਹਿਲੇ, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਸੰਸਕਰਣ 2004 ਪੰਨਾ 23
2. ਉਹੀ- ਪੰਨਾ- 22
3. ਉਹੀ- ਪੰਨਾ-128
4. ਉਹੀ- ਪੰਨਾ-131
5. ਉਹੀ- ਪੰਨਾ-141
6. ਉਹੀ- ਪੰਨਾ-147
7. ਉਹੀ- ਪੰਨਾ-23
8. ਉਹੀ- ਪੰਨਾ-13
9. ਰਜਿੰਦਰ ਸਿੰਘ ਭਸੀਨ, ਨਾਨਕ ਸਿੰਘ ਇਕ ਅਲੋਚਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ,1989 ਪੰਨਾ 97